## ਅਭਿਆਸ 10.2




1. $\Delta XYZ$ ਦੀ ਰਚਨਾ ਕਰੋ, ਜਿਸ ਵਿੱਚ $XY = 4.5$ ਸਮ, $YZ = 5$ ਸਮ ਅਤੇ $ZX = 6$ ਸਮ ਹੋਵੇ।
2. 5.5 ਸਮ ਭੁਜਾ ਵਾਲੀ ਇੱਕ ਸਮਭੁਜੀ ਤ੍ਰਿਭੁਜ ਦੀ ਰਚਨਾ ਕਰੋ।
3. $\Delta PQR$ ਦੀ ਰਚਨਾ ਕਰੋ ਜਿਸ ਵਿੱਚ $PQ = 4$ ਸਮ, $QR = 3.5$ ਸਮ ਅਤੇ $PR = 4$ ਸਮ ਹੋਵੇ। ਇਹ ਕਿਸ ਪ੍ਰਕਾਰ ਦੀ ਤ੍ਰਿਭੁਜ ਹੈ ?
4. ABC ਦੀ ਰਚਨਾ ਕਰੋ ਜਿਸ ਵਿੱਚ $AB = 2.5$ ਸਮ, $BC = 6$ ਸਮ ਅਤੇ $AC = 6.5$ ਸਮ ਹੋਵੇ। $\angle B$ ਨੂੰ ਮਾਪੋ।

Scanned with CamScanner

# EX-10.2

ਪ੍ਰਸ਼ਨ 1:- (i) ਰੇਖਾ ਖੰਡ XY = 4.5 ਸੈਂਮੀ ਖਿੱਚੋ।




(2) X ਨੂੰ ਕੇਂਦਰ ਮੰਨ ਕੇ ਅਤੇ 6 ਸੈਂਮੀ ਅਰਧ ਵਿਆਸ ਲੈ ਕੇ ਇੱਕ ਚਾਪ ਲਗਾਓ।


(3) ਹੁਣ Y ਨੂੰ ਕੇਂਦਰ ਮੰਨ ਕੇ ਅਤੇ 5 ਸੈਂਮੀ ਅਰਧ ਵਿਆਸ ਲੈ, ਕੇ ਇੱਕ ਚਾਪ ਖਿੱਚੋ ਜੋ ਪਹਿਲਾਂ ਖਿੱਚੀ ਚਾਪ ਨੂੰ ਬਿੰਦੂ Z ਤੇ ਕੱਟੇ।

(4) X ਨੂੰ Z ਨਾਲ ਅਤੇ Y ਨੂੰ Z ਨਾਲ ਮਿਲਾਓ।

(5) ਇਸ ਤਰਾਂ Δ XYZ ਪ੍ਰਾਪਤ ਹੋ ਜਾਵੇਗੀ।

ਪ੍ਰਸ਼ਨ 2:- (1) ਰੇਖਾ ਖੰਡ BC = 5.5 ਸੈਂਮੀ ਖਿੱਚੋ।

II B ਨੂੰ ਕੇਂਦਰ ਮੰਨ ਕੇ 5.5 ਸੈਂਮੀ ਅਰਧ ਵਿਆਸ ਦੀ ਇੱਕ ਚਾਪ ਲਗਾਓ




III C ਨੂੰ ਕੇਂਦਰ ਮੰਨ ਕੇ 5.5 ਸੈਂਮੀ ਦੀ ਇੱਕ ਚਾਪ ਲਗਾਓ ਜੋ ਕਿ ਪਹਿਲੀ ਚਾਪ ਨੂੰ ਬਿੰਦੂ A ਤੇ ਕੱਟੇਗੀ


IV ਹੁਣ B ਨੂੰ A ਨਾਲ ਅਤੇ C ਨੂੰ A ਨਾਲ ਮਿਲਾਓ।
ਇਸਤਰਾਂ Δ ABC ਲੋੜੀਂਦੀ ਸਮਭੁਜੀ ਤ੍ਰਿਭੁਜ ਹੈ।

Scanned with CamScanner

ਹੱਲ 3:- (1) QR = 3.5 ਸੈਂਮੀ ਖਿੱਚੋ।

(2) Q ਨੂੰ ਕੇਂਦਰ ਮੰਨ ਕੇ 4 ਸਮ ਅਰਧ ਵਿਆਸ ਵਾਲੀ ਇੱਕ ਚਾਪ ਖਿੱਚੋ।

(3) ਹੁਣ R ਨੂੰ ਕੇਂਦਰ ਮੰਨ ਕੇ 4 ਸਮ ਅਰਧ ਵਿਆਸ ਵਾਲੀ ਇੱਕ ਚਾਪ ਖਿੱਚੋ ਜੋ ਕਿ ਪਹਿਲਾਂ ਖਿੱਚੀ ਚਾਪ ਨੂੰ ਬਿੰਦੂ P ਤੇ ਕੱਟਦੀ ਹੈ





ਇਸ ਤਰਾਂ △PQR ਪ੍ਰਾਪਤ ਹੁੰਦੀ ਹੈ

ਕਿਉਂਕਿ PQ = PR = 4 ਸਮ ਹੈ

ਇਸ ਲਈ △PQR ਇੱਕ ਸਮਦੋਭੁਜੀ ਤ੍ਰਿਭੁਜ ਹੈ।

ਹੱਲ 4:- (1) BC = 6 ਸਮ ਖਿੱਚੋ।

(2) B ਨੂੰ ਕੇਂਦਰ ਮੰਨ ਕੇ 2.5 ਸਮ ਅਰਧ-ਵਿਆਸ ਦੀ ਇੱਕ ਚਾਪ ਖਿੱਚੋ।




(3) C ਨੂੰ ਕੇਂਦਰ ਮੰਨ ਕੇ 6.5 ਸਮ ਅਰਧ-ਵਿਆਸ ਦੀ ਇੱਕ ਚਾਪ ਖਿੱਚੋ ਜੋ ਕਿ ਪਹਿਲਾਂ ਖਿੱਚੀ ਚਾਪ ਨੂੰ ਬਿੰਦੂ A ਤੇ ਕੱਟਦੀ ਹੈ।

(4) ਹੁਣ A ਨੂੰ B ਨਾਲ ਅਤੇ A ਨੂੰ C ਨਾਲ ਮਿਲਾਉ।

△ABC ਪ੍ਰਾਪਤ ਹੁੰਦੀ ਹੈ।

$\angle B = 90^\circ$ ਹੈ।

ਤਿਆਰ ਕਰਤਾ:- ਲਲਿਤ ਕੁਮਾਰ (ਮੈਥ ਮਾਸਟਰ)
ਸ.ਸ.ਸ. ਸ ਗੁਮਟਾਲਾ
ਜਲੰਧਰ

Scanned with CamScanner